SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.Switchinsurance.ca



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 22* Issue 81 | Tuesday, April 25, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਕਾਰਜੈਕਿੰਗ ਦੇ ਸਬੰਧ ਵਿੱਚ 16 ਸਾਲਾ ਲੜਕੇ ਸਮੇਤ ਤਿੰਨ ਗ੍ਰਿਫਤਾਰ




ਟੋਰਾਂਟੋ, 24 ਅਪਰੈਲ (ਪੋਸਟ ਬਿਊਰੋ) : ਅਪਰੈਲ ਦੇ ਮੱਧ ਵਿੱਚ ਸਿਟੀ ਦੇ ਵੱਖ ਵੱਖ ਇਲਾਕਿਆਂ ਵਿੱਚ ਵਾਪਰੀਆਂ ਕਾਰਜੈਕਿੰਗ ਦੀਆਂ ਕਈ ਘਟਨਾਵਾਂ ਦੇ ਸਬੰਧ ਵਿੱਚ ਗ੍ਰਿਫਤਾਰ ਤਿੰਨ ਵਿਅਕਤੀਆਂ ਵਿੱਚ ਇੱਕ 16 ਸਾਲਾ ਲੜਕਾ ਵੀ ਸ਼ਾਮਲ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ 17 ਅਪਰੈਲ ਤੇ 19 ਅਪਰੈਲ ਦਰਮਿਆਨ ਪਾਰਕਵੁੱਡਜ਼ ਤੇ ਵੈਕਸਫੋਰਡ/ਮੈਰੀਵੇਲ ਇਲਾਕੇ ਵਿੱਚ ਕਾਰਜੈਕਿੰਗ ਦੀਆਂ ਚਾਰ ਘਟਨਾਵਾਂ ਵਾਪਰੀਆਂ। ਇਹ ਇਲਾਕਾ ਹਾਈਵੇਅ 401 ਤੇ ਡੌਨ ਵੈਲੀ ਪਾਰਕਵੇਅ ਅਤੇ ਜੇਨ ਸਟਰੀਟ ਤੇ ਫਿੰਚ ਐਵਨਿਊ ਵੈਸਟ ਨੇੜੇ ਹੰਬਰ ਸਟਰੀਟ ਉੱਤੇ ਸਥਿਤ ਹੈ।ਜਾਂਚਕਾਰਾਂ ਅਨੁਸਾਰ ਹਰੇਕ ਮਾਮਲੇ ਵਿੱਚ ਇੱਕ ਪੁਰਸ਼ ਨੇ ਹੈਂਡਗੰਨ ਨਾਲ ਡਰਾਈਵਰ ਤੱਕ ਪਹੁੰਚ ਕੀਤੀ ਤੇ ਉਨ੍ਹਾਂ ਕੋਲੋਂ ਗੱਡੀ ਦੀ ਮੰਗ ਕੀਤੀ। ਤਿੰਨ ਮਾਮਲਿਆਂ ਵਿੱਚ ਤਾਂ ਉਹ ਵਿਅਕਤੀ ਗੱਡੀਆਂ ਲੈ ਕੇ ਜਾਣ ਵਿੱਚ ਸਫਲ ਹੋ ਗਿਆ ਪਰ ਚੌਥੇ ਮਾਮਲੇ ਵਿੱਚ ਉਸ ਨੂੰ ਇਲਾਕੇ ਵਿੱਚੋਂ ਖਾਲੀ ਹੱਥ ਮੁੜਨਾ ਪਿਆ।

ਪੁਲਿਸ ਨੇ ਤਿੰਨ ਮਸ਼ਕੂਕਾਂ ਦੀ ਪਛਾਣ ਕਰ ਲਈ ਤੇ ਉਨ੍ਹਾਂ ਵਿੱਚੋਂ ਦੋ, ਇੱਕ ਪੁਰਸ਼ ਤੇ ਮਹਿਲਾ, ਨੂੰ 20 ਅਪਰੈਲ ਨੂੰ ਚੋਰੀ ਦੀ ਗੱਡੀ ਨਾਲ ਗ੍ਰਿਫਤਾਰ ਕਰ ਲਿਆ ਗਿਆ।ਜਾਂਚ ਦੌਰਾਨ ਹੀ ਪੁਲਿਸ ਨੂੰ ਤੀਜੀ ਗੱਡੀ ਵੀ ਲੱਭ ਗਈ। ਜਾਂਚਕਾਰਾਂ ਨੇ ਤਿੰਨਾਂ ਗੱਡੀਆਂ ਦੀ ਤਲਾਸ਼ੀ ਲਈ ਤੇ ਜਾਂਚ ਨਾਲ ਸਬੰਧਤ ਸਬੂਤ ਵੀ ਬਰਾਮਦ ਕੀਤੇ। ਪੁਲਿਸ ਨੂੰ ਏਅਰਸੌਫਟ ਹੈਂਡਗੰਨ ਮਿਲੀ ਜਿਸ ਦਾ ਐਕਸਟੈਂਡਿਡ ਮੈਗਜ਼ੀਨ ਸੀ। ਟੋਰਾਂਟੋ ਦੇ 33 ਸਾਲਾ ਜੌਨਾਥਨ ਹੈੱਫਮੈਨ ਨੂੰ 24 ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਇਨ੍ਹਾਂ ਵਿੱਚ ਡਾਕਾ, ਹਥਿਆਰ ਰੱਖਣ, ਪ੍ਰੋਹਿਬਸ਼ਨ ਆਰਡਰ ਦੇ ਬਾਵਜੂਦ ਹਥਿਆਰ ਰੱਖਣ ਤੇ ਹਥਿਆਰਾਂ ਦੇ ਸਿਰ ਉੱਤੇ ਲੁੱਟ ਖੋਹ ਕਰਨ ਦੇ ਚਾਰਜਿਜ਼ ਸ਼ਾਮਲ ਹਨ।

... ਬਾਕੀ ਸਫਾ 2 'ਤੇ

## ਕੈਨੇਡਾ ਨੇ ਸੁਡਾਨ ਵਿੱਚ ਕਾਊਂਸਲਰ ਸੇਵਾਵਾਂ ਕੀਤੀਆਂ ਸਸਪੈਂਡ, ਡਿਪਲੋਮੈਟਸ ਨੂੰ ਕੱਢਿਆ ਬਾਹਰ

ਓਟਵਾ, 24 ਅਪਰੈਲ (ਪੋਸਟ ਬਿਊਰੋ) : ਪੂਰਬੀ ਅਫਰੀਕੀ ਮੁਲਕ ਸੁਡਾਨ ਤੋਂ ਕੈਨੇਡਾ ਨੇ ਐਤਵਾਰ ਨੂੰ ਆਪਣੀਆਂ ਕਾਊਂਸਲਰ ਸੇਵਾਵਾਂ ਸਸਪੈਂਡ ਕਰ ਦਿੱਤੀਆਂ। ਸੁਡਾਨ ਵਿੱਚ ਹਥਿਆਰਬੰਦ ਸੰਘਰਸ਼ ਸ਼ੁਰੂ ਹੋਣ ਕਾਰਨ ਇਹ ਫੈਸਲਾ ਫੈਡਰਲ ਸਰਕਾਰ ਵੱਲੋਂ ਲਿਆ ਗਿਆ।

ਮੀਡੀਆ ਰਿਪੋਰਟਾਂ ਅਨੁਸਾਰ ਕੈਨੇਡੀਅਨ ਡਿਪਲੋਮੈਟਸ ਹਾਲ ਦੀ ਘੜੀ ਸੁਡਾਨ ਤੋਂ ਬਾਹਰੋਂ ਕਿਸੇ ਸੁਰੱਖਿਅਤ ਥਾਂ ਤੋਂ ਆਰਜ਼ੀ ਤੌਰ ਉੱਤੇ ਕੰਮ ਕਰਨਗੇ। ਇਸ ਦੇ ਨਾਲ ਹੀ ਸੁਡਾਨ ਵਿੱਚ ਨਾਗਰਿਕਾਂ ਦੀ ਮਦਦ ਕੈਨੇਡਾ ਵੱਲੋਂ ਜਾਰੀ ਰੱਖੀ ਜਾਵੇਗੀ।



ਪ੍ਰਾਪਤ ਜਾਣਕਾਰੀ ਅਨੁਸਾਰ ਸੁਡਾਨ ਵਿੱਚ ਚੱਲ ਰਹੇ ਇਸ ਖੂਨੀ ਸੰਘਰਸ਼ ਦੌਰਾਨ 264 ਸਿਵਲੀਅਨਜ਼ ਸਮੇਤ 420 ਤੋਂ ਵੀ ਵੱਧ ਲੋਕ ਮਾਰੇ ਜਾ ਚੁੱਕੇ ਹਨ ਤੇ 3700 ਤੋਂ ਵੀ ਵੱਧ ਜ਼ਖ਼ਮੀ ਹੋ ਚੁੱਕੇ ਹਨ। ਇਹ ਸੰਘਰਸ਼ ਸੁਡਾਨੀ ਹਥਿਆਰਬੰਦ ਸੈਨਾਵਾਂ ਤੇ ਸ਼ਕਤੀਸ਼ਾਲੀ ਪੈਰਾਮਿਲਟਰੀ ਗਰੁੱਪ, ਜਿਸ ਨੂੰ ਰੈਪਿਡ ਸਪੋਰਟ ਫੋਰਸਿਜ਼(ਆਰਐਸਐਫ) ਵਜੋਂ ਵੀ ਜਾਣਿਆ

... ਬਾਕੀ ਸਫਾ 2 'ਤੇ

## ਸ਼ੂਟਿੰਗ ਵਿੱਚ ਇੱਕ ਜ਼ਖ਼ਮੀ, ਪੁਲਿਸ ਕਰ ਰਹੀ ਹੈ ਜਾਂਚ

ਟੋਰਾਂਟੋ, 24 ਅਪਰੈਲ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਸ਼ੂਟਿੰਗ ਤੋਂ ਬਾਅਦ ਜ਼ਖ਼ਮੀ ਹੋਏ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।




ਜੇਨ ਸਟਰੀਟ ਤੇ ਯੌਰਕਵੁੱਡਜ਼ ਗੇਟ ਏਰੀਆ ਵਿੱਚ ਵਾਪਰੇ ਇਸ ਗੋਲੀਕਾਂਡ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ।

ਇਸ ਸਮੇਂ ਉਸ ਵਿਅਕਤੀ ਦੀ ਕਿਹੋ ਜਿਹੀ ਹਾਲਤ ਹੈ ਇਸ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਤੇ ਮਸ਼ਕੂਕ ਬਾਰੇ ਵੀ ਪੁਲਿਸ ਵੱਲੋਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## ਪੰਜਾਬੀ ਕੁੜੀ ਦਾ ਕਤਲ ਕਰਨ ਵਾਲੇ ਖਿਲਾਫ ਵਾਰੰਟ ਜਾਰੀ

ਬਰੈਂਪਟਨ, 24 ਅਪਰੈਲ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੈਸ ਸਟੇਸ਼ਨ ਉੱਤੇ ਇੱਕ ਮਹਿਲਾ ਨੂੰ ਪੂਰੀ ਪਲੈਨਿੰਗ ਤੋਂ ਬਾਅਦ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ ਵਿਅਕਤੀ ਖਿਲਾਫ ਪੀਲ ਰੀਜਨਲ ਪੁਲਿਸ ਵੱਲੋਂ ਕੈਨੇਡਾ ਭਰ ਵਿੱਚ ਵਾਰੰਟ ਜਾਰੀ ਕੀਤੇ ਗਏ ਹਨ।

ਪੁਲਿਸ ਨੇ ਦੱਸਿਆ ਕਿ 3 ਦਸੰਬਰ, 2022 ਦਿਨ ਸ਼ਨਿੱਚਰਵਾਰ ਨੂੰ ਰਾਤੀਂ 10:40 ਦੇ ਨੇੜੇ ਤੇੜੇ ਕ੍ਰੈਡਿਟਵਿਊ ਤੇ ਬ੍ਰਿਟੇਨੀਆ ਰੋਡਜ਼ ਉੱਤੇ ਸਥਿਤ ਪੈਟਰੋ ਕੈਨੇਡਾ ਗੈਸ ਸਟੇਸ਼ਨ ਉੱਤੇ ਕਿਸੇ ਅਣਪਛਾਤੇ ਵਿਅਕਤੀ ਨੇ ਬਰੈਂਪਟਨ ਦੀ 21 ਸਾਲਾ ਪਵਨਪ੍ਰੀਤ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਸੁੱਟਿਆ। ਜਾਂਚਕਾਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪਵਨਪ੍ਰੀਤ ਕੌਰ ਉਸ ਸਮੇਂ ਗੈਸ ਸਟੇਸ਼ਨ ਉੱਤੇ ਕੰਮ ਕਰ ਰਹੀ ਸੀ ਤੇ ਪੁਲਿਸ ਨੇ ਦੱਸਿਆ ਕਿ ਉਸ ਨੂੰ ਸੋਚ ਸਮਝ ਕੇ ਪਲੈਨਿੰਗ ਨਾਲ ਮਾਰਿਆ ਗਿਆ ਹੈ।

ਸੋਮਵਾਰ ਨੂੰ ਪੀਲ ਹੋਮੀਸਾਈਡ ਬਿਊਰੋ ਨੇ ਇਸ ਕਤਲ ਨੂੰ ਅੰਜਾਮ ਦੇਣ ਵਾਲੇ ਸ਼ਖਸ ਦੀ ਪਛਾਣ 30 ਸਾਲਾ ਧਰਮ ਸਿੰਘ ਧਾਲੀਵਾਲ ਵਜੋਂ ਕੀਤੀ, ਜਿਹੜਾ ਫਰਸਟ ਡਿਗਰੀ ਮਰਡਰ ਲਈ ਵਾਂਟਿਡ ਹੈ।



ਪੁਲਿਸ ਨੇ ਦੱਸਿਆ ਕਿ ਧਾਲੀਵਾਲ ਸਤੰਬਰ 2022 ਵਿੱਚ ਜਾਣਬੁੱਝ ਕੇ ਲਾਪਤਾ ਹੋ ਗਿਆ ਪਰ ਜਾਂਚ ਤੋਂ ਸਾਹਮਣੇ ਆਇਆ ਕਿ ਇਹ ਸੱਭ ਪਵਨਪ੍ਰੀਤ ਦੇ ਕਤਲ ਦੀ ਪਲੈਨਿੰਗ ਲਈ ਕੀਤਾ ਗਿਆ। ਧਰਮ ਸਿੰਘ ਬਾਰੇ ਜਾਰੀ ਵੇਰਵੇ ਅਨੁਸਾਰ ਉਸ ਦਾ ਕੱਦ ਪੰਜ ਫੁੱਟ ਅੱਠ ਇੰਚ ਤੇ ਵਜ਼ਨ 170 ਪਾਊਂਡ ਦੱਸਿਆ ਜਾਂਦਾ ਹੈ। ਉਸ ਦੇ ਖੱਬੇ ਹੱਥ ਉੱਤੇ ਟੈਟੂ ਵੀ ਹੈ।

ਪੁਲਿਸ ਨੇ ਦੱਸਿਆ ਕਿ ਧਾਲੀਵਾਲ, ਜਿਸ ਦੇ ਲਿੰਕ ਓਨਟਾਰੀਓ, ਨਿਊ ਬਰੰਜ਼ਵਿੱਕ, ਵਿਨੀਪੈਗ ਤੇ ਵੈਨਕੂਵਰ ਵਿੱਚ ਵੀ ਹਨ, ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ। ਉਸ ਦੇ ਪਰਿਵਾਰਕ ਮੈਂਬਰਾਂ ਉੱਤੇ ਵੀ ਉਸ ਦੀ ਮਦਦ ਕਰਨ ਦਾ ਦੋਸ਼ ਲਾਇਆ ਗਿਆ ਹੈ ਤੇ ਉਨ੍ਹਾਂ ਨੂੰ ਚਾਰਜ ਵੀ ਕੀਤਾ ਗਿਆ ਹੈ।

... ਬਾਕੀ ਸਫਾ 2 'ਤੇ


NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
416.566.7605
gurbir.chahal@yahoo.com
ROYAL LEPAGE Flower City Realty

ON TIME HEATING COOLING & REFRIGERATION
ac - furnance - heat pump - boilers - gasline - walk in cooler - water heater
Fully licensed team and govt. rebate upto $8,000
SAURAVDEEP SINGH: 226-332-4040

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

$3199 BASEMENT DEAL
SPRING SALE MEGA SAVING
FREE DELIVERY
DELIVERY INCLUDED WITHIN GTA
$1499 $4649
KitchenAid moffat MAYTAG LG SAMSUNG Electrolux JENNAIR BOSCH Whirlpool
416-551-5553 WWW.OURRHOMEAPPLIANCES.COM

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic.12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਲਾਪਤਾ ਬੱਚੇ ਤੇ ਮਹਿਲਾ ਦੀ ਸੇਫਟੀ ਨੂੰ ਲੈ ਕੇ ਪੁਲਿਸ ਚਿੰਤਤ



ਟੋਰਾਂਟੋ, 24 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਇੱਕ ਲਾਪਤਾ ਮਹਿਲਾ ਤੇ ਬੱਚੇ ਦੀ ਭਾਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਨ੍ਹਾਂ ਨੂੰ ਆਖਰੀ ਵਾਰੀ ਸੋਮਵਾਰ ਦੁਪਹਿਰ ਨੂੰ ਵੇਖਿਆ ਗਿਆ ਸੀ।

ਪੁਲਿਸ ਨੇ ਦੱਸਿਆ ਕਿ 33 ਸਾਲਾ ਐਡਰੀਅਨ ਤੇ ਇੱਕ ਮਹੀਨੇ ਦੀ ਕੈਲੀਆ ਨੂੰ ਆਖਰੀ ਵਾਰੀ ਦੁਪਹਿਰ ਦੇ 3:30 ਵਜੇ ਮੌਰਨਿੰਗਸਾਈਡ ਤੇ ਸਟੇਨਜ਼ ਐਵਨਿਊ ਇਲਾਕੇ ਵਿੱਚ ਵੇਖਿਆ ਗਿਆ। ਐਡਰੀਅਨ ਪੰਜ ਫੁੱਟ ਛੇ ਇੰਚ, ਦਰਮਿਆਨੀ ਕੱਦਕਾਠੀ ਵਾਲੀ ਦੱਸੀ ਜਾਂਦੀ ਹੈ ਤੇ ਉਸ ਦੇ ਵਾਲਾਂ ਦਾ ਰੰਗ ਕਾਲਾ ਹੈ।ਉਸ ਨੂੰ ਆਖਰੀ ਵਾਰੀ ਪਿੰਕ ਜੈਕੇਟ, ਪਿੰਕ ਸ਼ਰਟ, ਕਾਲੀ ਪੈਂਟ ਤੇ ਕਾਲੇ ਸੂ਼ਜ਼ ਪਾਇਆਂ ਵੇਖਿਆ ਗਿਆ।

ਉਸ ਨੂੰ ਬੇਬੀ ਕੈਰੀਅਰ ਦੇ ਨਾਲ ਦੇਖਿਆ ਗਿਆ ਜਿਸ ਵਿੱਚ ਪਿੰਕ ਰੰਗ ਦੇ ਬਲੈਂਕੇਟ ਵਿੱਚ ਕੈਲੀਆ ਵੀ ਸੀ। ਪੁਲਿਸ ਨੇ ਮਹਿਲਾ ਤੇ ਬੱਚੇ ਦਰਮਿਆਨ ਰਿਸ਼ਤੇ ਦਾ ਖੁਲਾਸਾ ਨਹੀਂ ਕੀਤਾ ਹੈ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸੇਫਟੀ ਨੂੰ ਲੈ ਕੇ ਉਹ ਚਿੰਤਤ ਹਨ।

# ਭਾਰਤੀ ਮੂਲ ਦਾ ਵਿਅਕਤੀ ਪੰਜ ਕੋਰੀਆਈ ਔਰਤਾਂ ਨਾਲ ਬਲਾਤਕਾਰ ਦਾ ਦੋਸ਼ੀ ਕਰਾਰ

ਮੈਲਬਰਨ, 24 ਅਪ੍ਰੈਲ (ਪੋਸਟ ਬਿਊਰੋ): ਆਸਟ੍ਰੇਲੀਆ 'ਚ ਭਾਰਤੀ ਭਾਈਚਾਰੇ ਦੀ ਪ੍ਰਮੁੱਖ ਹਸਤੀ ਬਾਲੇਸ਼ ਧਨਖੜ ਨੂੰ ਬਲਾਤਕਾਰ ਦਾ ਦੋਸ਼ੀ ਪਾਇਆ ਗਿਆ ਹੈ। ਇਲਜ਼ਾਮ ਸੀ ਕਿ ਉਸਨੇ ਸਿਡਨੀ ਵਿੱਚ ਪੰਜ ਕੋਰੀਅਨ ਔਰਤਾਂ ਨੂੰ ਨਸ਼ੀਲਾ ਪਦਾਰਥ ਪਿਲਾਇਆ ਅਤੇ ਫਿਰ ਉਨ੍ਹਾਂ ਨਾਲ ਬਲਾਤਕਾਰ ਕੀਤਾ। ਸਥਾਨਕ ਮੀਡੀਆ ਰਿਪੋਰਟਾਂ ਨੇ ਇਸ ਮਾਮਲੇ ਨੂੰ ਸ਼ਹਿਰ ਦੇ ਹਾਲੀਆ ਇਤਿਹਾਸ ਦਾ ਸਭ ਤੋਂ ਬੁਰਾ ਦੱਸਿਆ ਹੈ।



ਡਾਊਨਿੰਗ ਸੈਂਟਰ ਵਿਖੇ ਇੱਕ ਜ਼ਿਲ੍ਹਾ ਅਦਾਲਤ ਦੀ ਜਿਊਰੀ ਨੇ ਸੋਮਵਾਰ ਨੂੰ ਪਾਇਆ ਕਿ ਇੱਕ 'ਰਾਜਨੀਤਿਕ ਤੌਰ 'ਤੇ ਸਰਗਰਮ ਵਿਅਕਤੀ ਨੇ ਪੰਜ ਕੋਰੀਆਈ ਔਰਤਾਂ ਨੂੰ ਝੂਠ ਦੇ ਜਾਲ ਵਿੱਚ ਫਸਾਇਆ, ਉਨ੍ਹਾਂ ਨੂੰ ਨਸ਼ੀਲੀ ਦਵਾਈ ਦੇ ਕੇ ਉਨ੍ਹਾਂ ਨਾਲ ਬਲਾਤਕਾਰ ਕੀਤਾ'। ਦੋਸ਼ੀ ਆਸਟ੍ਰੇਲੀਆ ਵਿਚ 'ਓਵਰਸੀਜ਼ ਫਰੈਂਡਜ਼ ਆਫ ਦਾ ਬੀਜੇਪੀ' ਦਾ ਸਾਬਕਾ ਮੁਖੀ ਸੀ।

ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਧਨਖੜ ਨੇ ਆਪਣੇ ਬੈੱਡਸਾਈਡ ਅਲਾਰਮ ਕਲਾਕ ਅਤੇ ਆਪਣੇ ਫੋਨ ਵਿਚ ਇਕ ਛੁਪੇ ਹੋਏ ਕੈਮਰੇ ਦੀ ਵਰਤੋਂ ਕਰਕੇ ਜਿਨਸੀ ਹਮਲੇ ਦੀ ਰਿਕਾਰਡਿੰਗ ਵੀ ਕੀਤੀ। ਇਸ ਵਿੱਚ ਕਿਹਾ ਗਿਆ ਹੈ, ਬਾਲੇਸ਼ ਧਨਖੜ ਸਿਡਨੀ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਬੁਰੇ ਬਲਾਤਕਾਰੀਆਂ ਵਿੱਚੋਂ ਇੱਕ ਹੈ। ਸੋਮਵਾਰ ਨੂੰ ਜਦੋਂ ਜਿਊਰੀ ਫੋਰਮੈਨ ਨੇ ਡਾਟਾ ਮਾਹਰ ਨੂੰ ਦੋਸ਼ੀ ਠਹਿਰਾਇਆ ਤਾਂ ਧਨਖੜ ਟੁੱਟ ਗਿਆ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 43 ਸਾਲਾ ਧਨਖੜ ਮਈ ਵਿਚ ਦੁਬਾਰਾ ਅਦਾਲਤ ਦਾ ਸਾਹਮਣਾ ਕਰੇਗਾ ਅਤੇ ਇਸ ਸਾਲ ਦੇ ਅੰਤ ਵਿਚ ਸਜ਼ਾ ਸੁਣਾਈ ਜਾਵੇਗੀ। ਰੋਂਦੀ ਹੋਈ ਧਨਖੜ ਦੀ ਪਤਨੀ ਨੇ ਉਸਦਾ ਸਾਥ ਦਿੱਤਾ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਧਨਖੜ ਨੇ ਔਰਤਾਂ ਨੂੰ ਝੂਠ ਬੋਲਿਆ ਸੀ ਕਿ ਉਹ ਵਿਆਹ ਤੋਂ ਬਾਹਰਲੇ ਸਬੰਧ ਤੋੜਨ ਤੋਂ ਬਾਅਦ ਇਕੱਲੇ ਰਹਿ ਰਿਹਾ ਸੀ।

ਇਸ ਵਿਚ ਕਿਹਾ ਗਿਆ ਹੈ ਕਿ ਧਨਖੜ ਨੇ ਆਪਣੇ ਕਾਨੂੰਨੀ ਬਚਾਅ ਲਈ ਫੰਡ ਦੇਣ ਲਈ ਆਪਣੇ ਪਰਿਵਾਰ ਦੀ ਜਾਇਦਾਦ ਵੇਚ ਦਿੱਤੀ ਸੀ। ਪੁਲਸ ਨੂੰ 2018 'ਚ ਧਨਖੜ ਦੇ ਹੋਰ ਔਰਤਾਂ ਨਾਲ ਦਰਜਨਾਂ ਵੀਡੀਓ ਮਿਲੇ ਸਨ।

## ਅੱਜ ਨਾਮਾ >>

ਉਹੀਉ ਭਾਸ਼ਣ ਤੇ ਉਹੀ ਦਲੀਲ ਮੁੜ ਕੇ,
ਬਣਿਆ ਫੇਰ ਆ ਰਾਹੁਲ'ਤੇ ਕੇਸ ਮੀਆਂ।
ਪਹਿਲਾ ਕੇਸ ਸੀ ਵਿੱਚ ਗੁਜਰਾਤ ਬਣਿਆ,
ਦੂਸਰਾ ਬਿਹਾਰ ਵਿੱਚ ਕਰੂਗਾ ਫੇਸ ਮੀਆਂ।
ਵੱਖਰੀ ਦਿੱਤੀ ਦਲੀਲ ਨਾ ਨਵੀਂ ਸੁਣਿਆ,
ਪਹਿਲੇ ਕੇਸ ਵਾਲਾ ਰੱਖਿਆ ਬੇਸ ਮੀਆਂ।
ਹੁੰਦੀ ਚੋਣ ਕਰਨਾਟਕ ਵਿੱਚ ਛੱਡ ਉਹਨੂੰ,
ਪਈ ਹੈ ਲਾਉਣੀ ਬਿਹਾਰ ਨੂੰ ਰੇਸ ਮੀਆਂ।
ਉਹੀ ਕੇਸ ਤੇ ਫਸਿਆ ਵੀ ਉਹੀ ਲੀਡਰ,
ਸਮੁੱਚੇ ਕੇਸ ਦਾ ਉਹੀ ਇਤਫਾਕ ਮੀਆਂ।
ਇੱਕੋ ਜੁਰਮ ਪਏ ਭੁਗਤਣਾ ਦੋਂਹ ਥਾਈਂ,
ਇਹ ਇਨਸਾਫ ਦਾ ਸਾਫ ਮਜ਼ਾਕ ਮੀਆਂ।

**ਤੀਸ ਮਾਰ ਖਾਂ**

# ਕਾਰਜੈਕਿੰਗ ਦੇ ਸਬੰਧ ਵਿੱਚ 16 ਸਾਲਾ ਲੜਕੇ ਸਮੇਤ ਤਿੰਨ ਗ੍ਰਿਫਤਾਰ

ਸਫਾ 1 ਦਾ ਬਾਕੀ

ਇਸ ਦੌਰਾਨ ਟੋਰਾਂਟੋ ਦੀ 31 ਸਾਲਾ ਜੈਸਿਕਾ ਚੌਕ ਨੂੰ ਜੁਰਮ ਨਾਲ ਹਾਸਲ ਕੀਤੀ ਚੋਰੀ ਦੀ ਸੰਪਤੀ ਰੱਖਣ ਲਈ ਵੀ ਚਾਰਜ ਕੀਤਾ ਗਿਆ ਹੈ।ਉਸ ਨੂੰ ਅੰਡਰਟੇਕਿੰਗ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਹੈ ਤੇ ਉਸ ਦੀ ਅਗਲੀ ਪੇਸ਼ੀ 30 ਮਈ ਨੂੰ ਹੈ। ਪੁਲਿਸ ਤੀਜੇ ਮਸ਼ਕੂਕ, ਜੋ ਕਿ 16 ਸਾਲਾਂ ਦਾ ਹੈ, ਨੂੰ ਲੋਕੇਟ ਨਹੀਂ ਸੀ ਕਰ ਪਾ ਰਹੀ। ਇਸ ਲਈ ਉਸ ਦੀ ਗ੍ਰਿਫਤਾਰ ਸਬੰਧੀ ਵਾਰੰਟ ਜਾਰੀ ਕੀਤੇ ਗਏ। ਪਰ ਬਾਅਦ ਵਿੱਚ 22 ਅਪਰੈਲ ਨੂੰ ਮਸ਼ਕੂਕ ਨੇ ਆਤਮ ਸਮਰਪਣ ਕਰ ਦਿੱਤਾ।ਇਸ ਟੀਨੇਜਰ ਖਿਲਾਫ 11 ਚਾਰਜਿਜ਼ ਲਾਏ ਗਏ ਹਨ।

# ਕੈਨੇਡਾ ਨੇ ਸੂਡਾਨ ਵਿੱਚ ਕਾਊਂਸਲਰ ਸੇਵਾਵਾਂ ਕੀਤੀਆਂ ਸਸਪੈਂਡ, ਡਿਪਲੋਮੈਟਸ ਨੂੰ ਕੱਢਿਆ ਬਾਹਰ

ਸਫਾ 1 ਦਾ ਬਾਕੀ

ਜਾਂਦਾ ਹੈ, ਦਰਮਿਆਨ ਚੱਲ ਰਿਹਾ ਹੈ। ਸੱਤਾ ਦੀ ਵੰਡ ਨੂੰ ਲੈ ਕੇ ਸ਼ੁਰੂ ਹੋਏ ਝਗੜੇ ਕਾਰਨ ਨੌਂ ਦਿਨਾਂ ਦੇ ਅੰਦਰ ਐਨੇ ਲੋਕ ਮਾਰੇ ਜਾ ਚੁੱਕੇ ਹਨ। ਸ਼ਨਿੱਚਰਵਾਰ ਨੂੰ ਹਾਸਲ ਹੋਈ ਜਾਣਕਾਰੀ ਅਨੁਸਾਰ 596 ਕੈਨੇਡੀਅਨ ਨਾਗਰਿਕ ਸੰਘਰਸ਼ ਛਿੜਣ ਤੱਕ ਸੂਡਾਨ ਵਿੱਚ ਰਜਿਸਟਰਡ ਸਨ। ਪਰ ਸੂਡਾਨ ਵਿੱਚ ਕੈਨੇਡਾ ਦੇ ਸਾਬਕਾ ਸਫੀਰ ਰਹਿ ਚੁੱਕੇ ਨਿਕੋਲਸ ਕੌਗਲੈਨ ਅਨੁਸਾਰ ਇਹ ਗਿਣਤੀ ਕਿਤੇ ਜ਼ਿਆਦਾ ਹੋ ਸਕਦੀ ਹੈ ਕਿਉਂਕਿ ਕਈ ਲੋਕਾਂ ਕੋਲ ਕੈਨੇਡਾ ਤੇ ਸੂਡਾਨ ਦੀ ਦੋਹਰੀ ਨਾਗਰਿਕਤਾ ਹੈ।ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਅਜੇ ਕਿੰਨੇ ਕੈਨੇਡੀਅਨ ਨਾਗਰਿਕਾਂ ਨੂੰ ਉੱਥੋਂ ਕੱਢਿਆ ਵੀ ਜਾ ਚੁੱਕਿਆ ਹੈ।

# ਪੰਜਾਬੀ ਕੁੜੀ ਦਾ ਕਤਲ ਕਰਨ ਵਾਲੇ ਖਿਲਾਫ ਵਾਰੰਟ ਜਾਰੀ

ਸਫਾ 1 ਦਾ ਬਾਕੀ

ਪੀਲ ਪੁਲਿਸ ਨੇ ਦੱਸਿਆ ਕਿ ਪਵਨ ਦੇ ਕਤਲ ਦੇ ਸਬੰਧ ਵਿੱਚ ਧਾਲੀਵਾਲ ਦੇ ਦੋ ਪਰਿਵਾਰਕ ਮੈਂਬਰਾਂ ਨੂੰ ਚਾਰਜ ਕੀਤਾ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ 25 ਸਾਲਾ ਪ੍ਰਿਤਪਾਲ ਧਾਲੀਵਾਲ ਤੇ 50 ਸਾਲਾ ਅਮਰਜੀਤ ਧਾਲੀਵਾਲ ਨੂੰ ਮੌਂਕਟਨ, ਨਿਊ ਬਰੰਜ਼ਵਿੱਕ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਸਪਸ਼ਟ ਕੀਤਾ ਕਿ ਧਰਮ ਧਾਲੀਵਾਲ ਦੀ ਮਦਦ ਕਰਨ ਤੇ ਉਸ ਨੂੰ ਪਨਾਹ ਦੇਣ ਵਾਲਿਆਂ ਨੂੰ ਵੀ ਚਾਰਜ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੁਲਿਸ ਨੇ ਧਰਮ ਨੂੰ ਆਤਮ ਸਮਰਪਣ ਕਰਨ ਲਈ ਵੀ ਆਖਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਟੀਪੀਏਆਰ ਕਲੱਬ ਦੇ 51 ਮੈਂਬਰਾਂ ਨੇ ਸੀਐੱਨ.ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਈਵੈਂਟ 'ਚ ਲਿਆ ਸਰਗਰਮ ਹਿੱਸਾ

* ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ 11 ਮੈਂਬਰ ਇਸ ਈਵੈਂਟ 'ਚ ਸ਼ਾਮਲ ਹੋਏ







ਬਰੈਂਪਟਨ, (ਡਾ. ਝੰਡ) – ਟੋਰਾਂਟੋ ਡਾਊਨ ਟਾਊਨ ਵਿਚ ਸਥਿਤ ਸੀ.ਐੱਨ ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦਾ ਡਬਲਿਊ. ਡਬਲਿਊ. ਐੱਫ਼ ਕੈਨੇਡਾ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਈਵੈਂਟ ਕਾਫ਼ੀ ਦਿਲਚਸਪ ਅਤੇ ਜੋਸ਼ ਭਰਪੂਰ ਹੁੰਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਈਵੈਂਟ ਵਿਚ ਭਾਗ ਲੈਂਦੇ ਹਨ ਅਤੇ ਘੱਟ ਤੋਂ ਘੱਟ ਸਮੇਂ ਵਿਚ ਇਹ ਪੌੜੀਆਂ ਚੜ੍ਹ ਕੇ ਆਪਣੀ ਤੰਦਰੁਸਤੀ ਅਤੇ ਸਰੀਰਕ ਰਿਸ਼ਟ-ਪੁਸ਼ਟਤਾ ਦਾ ਮੁਜ਼ਾਹਰਾ ਕਰਦੇ ਹਨ। ਕਰੋਨਾ ਕਾਲ਼ ਦੌਰਾਨ ਪਿਛਲੇ ਤਿੰਨ ਸਾਲ ਇਸ ਦੀ ਪ੍ਰਬੰਧਕ ਡਬਲਿਊ.ਡਬਲਿਊ ਸੰਸਥਾ ਵੱਲੋਂ ਇਹ ਈਵੈਂਟ ਨਹੀਂ ਕਰਵਾਇਆ ਜਾ ਸਕਿਆ। ਅਲਬੱਤਾ, ਇਸ ਸਾਲ 15 ਅਪ੍ਰੈਲ ਨੂੰ ਇਸ ਮਹੱਤਵਪੂਰਨ ਈਵੈਂਟ ਵਿਚ 2771 ਵਿਅੱਕਤੀਆਂ ਨੇ ਭਾਗ ਲਿਆ। ਸੱਭਨਾਂ ਵਿਚ ਇਸ ਈਵੈਂਟ ਲਈ ਬੜਾ ਉਤਸ਼ਾਹ, ਜੋਸ਼ ਤੇ ਜਜ਼ਬਾ ਵਿਖਾਈ ਦੇ ਰਿਹਾ ਸੀ।

ਪੌੜੀਆਂ ਚੜ੍ਹਨ ਦੇ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ 51 ਮੈਂਬਰ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿਚ 9936 ਏਅਰਪੋਰਟ ਰੋਡ ਵਾਲੇ ਪਲਾਜ਼ੇ ਵਿਚ ਟਿਮ ਹੌਲਟਨ ਰੈਸਟੋਰੈਂਟ ਦੇ ਨੇੜੇ ਸਵੇਰੇ 6.30 ਵਜੇ ਪਹੁੰਚ ਗਏ ਅਤੇ ਉੱਥੋਂ ਇਕ ਸਕੂਲ ਬੱਸ ਵਿਚ ਰਵਾਨਾ ਹੋ ਕੇ ਰਸਤੇ ਵਿਚ ਈਟੋਬੀਕੋਕ ਵਿਚ 141 ਕਿੰਗਜ਼ਵਿਊ ਬਲਵੀਡੀ ਵਿਖੇ ਚਾਹ-ਪਾਣੀ ਦਾ ਛੋਟਾ ਜਿਹਾ ਪੜਾਅ ਕਰਨ ਤੋਂ ਬਾਅਦ ਲੱਗਭੱਗ ਸਾਢੇ ਅੱਠ ਵਜੇ ਸੀ.ਐੱਨ ਟਾਵਰ ਦੇ ਨੇੜੇ ਮੈਟਰੋ ਕਨਵੈੱਨਸ਼ਨ ਸੈਂਟਰ ਪਹੁੰਚੇ। ਬਰੈਂਪਟਨ ਵਿਚ ਪਿਛਲੇ 10 ਸਾਲਾਂ ਤੋਂ ਵਿਚਰ ਰਹੀ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ 11 ਮੈਂਬਰ ਵੀ ਇਸ ਈਵੈਂਟ ਵਿਚ ਸ਼ਾਮਲ ਹੋਏ।

ਟੀਪੀਏਆਰ ਕਲੱਬ ਦੇ ਸਰਗ਼ਰਮ ਮੈਂਬਰ ਸੋਢੀ ਕੰਗ ਇਹ 1776 ਪੌੜੀਆਂ 15 ਮਿੰਟ 26 ਸਕਿੰਟਾਂ ਵਿਚ ਚੜ੍ਹ ਕੇ ਪੌੜੀਆਂ ਚੜ੍ਹਨ ਵਾਲੇ 2771 ਮੈਂਬਰਾਂ ਵਿੱਚੋਂ 41'ਵੇਂ ਸਥਾਨ 'ਤੇ ਰਹੇ। 72 ਸਾਲਾ ਸੁਰਿੰਦਰ ਸਿੰਘ ਨਾਗਰਾ ਨੇ ਇਹ ਪੌੜੀਆਂ 19 ਮਿੰਟ 22 ਸਕਿੰਟ ਵਿਚ ਚੜ੍ਹੀਆਂ ਅਤੇ 391'ਵਾਂ ਸਥਾਨ ਪ੍ਰਾਪਤ ਕੀਤਾ ਅਤੇ ਸਾਲ 2019 ਦਾ 19 ਮਿੰਟ 48 ਸਕਿੰਟ ਦਾ ਆਪਣਾ ਰਿਕਾਰਡ ਤੋੜਿਆ। ਮਨਜੀਤ ਸਿੰਘ ਨੌਟਾ ਨੇ ਇਹ ਪੌੜੀਆਂ ਚੜ੍ਹਨ ਲਈ 20 ਮਿੰਟ 59 ਸਕਿੰਟ ਦਾ ਸਮਾਂ ਲਿਆ। ਹੋਰ ਕਈ ਮੈਂਬਰਾਂ ਨੇ ਇਹ ਪੌੜੀਆਂ ਚੜ੍ਹਨ ਅੱਧੇ ਘੰਟੇ ਜਾਂ ਇਸ ਤੋਂ ਵਧੇਰੇ ਸਮੇਂ ਵਿਚ ਚੜ੍ਹੀਆਂ, ਜਦਕਿ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ 79 ਸਾਲ ਦੇ ਸਾਬਕਾ ਇੰਜੀਨੀਅਰ ਈਸ਼ਰ ਸਿੰਘ ਨੇ ਇਹ ਪੌੜੀਆਂ ਆਰਾਮ ਨਾਲ 55 ਮਿੰਟ 32 ਸਕਿੰਟਾਂ ਵਿਚ ਚੜ੍ਹ ਕੇ ਆਪਣੇ ਉਮਰ ਵਰਗ ਵਿਚ ਚੰਗੀ ਸਿਹਤ ਦਾ ਵਧੀਆ ਪ੍ਰਦਰਸ਼ਨ ਕੀਤਾ। 2020-21 ਵਿਚ ਸਾਰੀ ਦੁਨੀਆਂ ਵਿਚ ਫ਼ੈਲੀ ਕਰੋਨਾ ਮਹਾਂਮਾਰੀ ਕਾਰਨ ਤਿੰਨ ਸਾਲ ਬਾਅਦ ਹੋਏ ਇਸ ਈਵੈਂਟ ਵਿਚ ਹਿੱਸਾ ਲੈ ਕੇ ਸਾਰੇ ਮੈਂਬਰ ਬੜੇ ਖ਼ੁਸ਼ ਨਜ਼ਰ ਆ ਰਹੇ ਸਨ। ਟੋਰਾਂਟੋ ਤੋਂ ਲੱਗਭੱਗ ਇੱਕ ਵਜੇ ਹੋਈ ਵਾਪਸੀ 'ਤੇ ਮਨਜੀਤ ਸਿੰਘ ਦੇ ਘਰ ਸਾਰਿਆਂ ਨੇ ਮਿਲ ਕੇ ਦੁਪਹਿਰ ਦਾ ਭੋਜਨ ਛਕਿਆ।

ਕਲੱਬ ਦੀ ਡਿਨਰ ਪਾਰਟੀ 'ਹਾਈਲੈਂਡ ਆਟੋ' ਵਿਖੇ ਸ਼ਾਮ ਦੇ ਸੱਤ ਵਜੇ ਰੱਖੀ ਗਈ ਜਿੱਥੇ ਸਾਰੇ ਮੈਂਬਰਾਂ ਨੇ ਮਾਣਯੋਗ ਮਹਿਮਾਨਾਂ ਨਾਲ ਮਿਲ ਕੇ ਸੁਆਦਲੇ ਖਾਣੇ ਦਾ ਆਨੰਦ ਮਾਣਿਆਂ। ਇੱਥੇ ਆਯੋਜਿਤ ਕੀਤੇ ਗਏ ਸੰਖੇਪ ਸਮਾਗ਼ਮ ਵਿਚ ਕਲੱਬ ਦੇ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਵੱਲੋਂ ਆਏ ਮਹਿਮਾਨਾਂ ਅਤੇ ਕਲੱਬ ਮੈਂਬਰਾਂ ਦਾ ਸੁਆਗ਼ਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਉਨ੍ਹਾਂ ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਨੂੰ ਟੀਪੀਏਆਰ ਕਲੱਬ ਵੱਲੋਂ ਸ਼ਾਨਦਾਰ ਸਨਮਾਨ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਪੌੜੀਆਂ ਚੜ੍ਹਨ ਦੇ ਇਸ ਈਵੈਂਟ ਵਿਚ ਭਾਗ ਲੈਣ ਵਾਲੇ ਮੈਂਬਰਾਂ ਨੂੰ ਸ਼ੀਲਡਾਂ ਤੇ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਟਰਾਫ਼ੀਆਂ 'ਹੋਮਲਾਈਫ਼ ਮਿਰਾਕਲ ਰਿਆਲਟੀ ਲਿਮਟਿਡ' ਦੇ ਰਿਆਲਟਰ ਗਿਆਨ ਸਿੰਘ ਨਾਗਰਾ ਵੱਲੋਂ ਸਪਾਂਸਰ ਕੀਤੀਆਂ ਅਤੇ ਇਹ ਇਸ ਸਮਾਗ਼ਮ ਵਿਚ ਉਚੇਚੇ ਤੌਰ 'ਤੇ ਪਹੁੰਚੇ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ, ਬਰੈਂਪਟਨ ਵੈੱਸਟ ਦੇ ਐੱਮ.ਪੀ.ਪੀ. ਅਮਰਜੋਤ ਸੰਧੂ, ਵਾਰਡ ਨੰਬਰ 9 ਤੇ 10 ਦੇ ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਤੇ ਸਕੂਲ-ਟਰੱਸਟੀ ਸਤਪਾਲ ਸਿੰਘ ਜੌਹਲ ਅਤੇ ਉੱਘੇ ਸਮਾਜ-ਸੇਵੀ ਭਜਨ ਸਿੰਘ ਥਿੰਦ ਵੱਲੋਂ ਮਿਲ ਕੇ ਕਲੱਬ ਦੇ ਮੈਂਬਰਾਂ ਨੂੰ ਪ੍ਰਦਾਨ ਕੀਤੀਆਂ ਗਈਆਂ। ਸਮਾਗਮ਼ ਦੇ ਅਖ਼ੀਰ ਵਿਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ ਅਤੇ ਸਕੱਤਰ ਡਾ. ਜੈ ਪਾਲ ਸਿੱਧੂ ਵੱਲੋਂ ਆਏ ਮਹਿਮਾਨਾਂ ਅਤੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਭਾਰਤ ਦੀ ਪੰਚਾਇਤੀ ਰਾਜ ਵਿਵਸਥਾ ਲਈ ਇੱਕ ਵੇਕ-ਅੱਪ ਕਾਲ

*'ਰਾਜ ਸਰਕਾਰਾਂ ਸਥਾਨਕ ਸਰਕਾਰਾਂ ਨੂੰ ਸਥਾਨਕ ਨੌਕਰਸ਼ਾਹੀ ਰਾਹੀਂ ਬੰਨ੍ਹਦੀਆਂ ਹਨ। ਉਦਾਹਰਨ ਲਈ, ਪਬਲਿਕ ਵਰਕਸ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਅਕਸਰ ਪੇਂਡੂ ਵਿਕਾਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਤੋਂ ਤਕਨੀਕੀ ਪ੍ਰਵਾਨਗੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ, ਸਰਪੰਚਾਂ ਲਈ ਇੱਕ ਮੁਸ਼ਕਲ ਪ੍ਰਕਿਰਿਆ ਹੈ ਜਿਸ ਲਈ ਸਰਕਾਰੀ ਦਫ਼ਤਰਾਂ ਵਿੱਚ ਵਾਰ-ਵਾਰ ਜਾਣਾ ਪੈਂਦਾ ਹੈ। ਸਰਪੰਚਾਂ ਦੀ ਸਥਾਨਕ ਸਟਾਫ਼ ਉੱਤੇ ਪ੍ਰਬੰਧਕੀ ਨਿਯੰਤਰਣ ਵਰਤਣ ਦੀ ਸਮਰੱਥਾ ਸੀਮਤ ਹੈ। ਬਹੁਤ ਸਾਰੇ ਰਾਜਾਂ ਵਿੱਚ, ਪੰਚਾਇਤ ਨੂੰ ਰਿਪੋਰਟ ਕਰਨ ਵਾਲੇ ਸਥਾਨਕ ਕਾਰਜਕਰਤਾ, ਜਿਵੇਂ ਕਿ ਪਿੰਡ ਦੇ ਚੌਕੀਦਾਰ ਜਾਂ ਸਫਾਈ ਕਰਮਚਾਰੀ, ਨੂੰ ਜ਼ਿਲ੍ਹਾ ਜਾਂ ਬਲਾਕ ਪੱਧਰ 'ਤੇ ਭਰਤੀ ਕੀਤਾ ਜਾਂਦਾ ਹੈ। ਅਕਸਰ ਸਰਪੰਚ ਕੋਲ ਇਨ੍ਹਾਂ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਤਾਕਤ ਵੀ ਨਹੀਂ ਹੁੰਦੀ।'*

*-ਡਾ. ਸਤਿਆਵਾਨ ਸੌਰਭ,*
*ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,*
*ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ,*
*333, ਪਰੀ ਵਾਟਿਕਾ, ਕੌਸ਼ਲਿਆ ਭਵਨ, ਬਰਵਾ (ਸਿਵਾਨੀ) ਭਿਵਾਨੀ, ਹਰਿਆਣਾ - 127045,*
*ਮੋਬਾਈਲ : 9466526148, 01255281381*

***********

ਅੱਜ ਕੱਲ੍ਹ ਅਜਿਹੀਆਂ ਖਬਰਾਂ ਸੁਣਨ ਅਤੇ ਪੜ੍ਹਨ ਨੂੰ ਮਿਲ ਰਹੀਆਂ ਹਨ ਕਿ ਦੇਸ਼ ਦੇ ਕਿਸੇ ਪਿੰਡ ਦੇ ਸਰਪੰਚ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਭਾਰਤ ਦੀ ਪੰਚਾਇਤੀ ਰਾਜ ਪ੍ਰਣਾਲੀ ਵਿੱਚ, ਪਿੰਡ ਜਾਂ ਛੋਟੇ ਕਸਬੇ ਪੱਧਰ 'ਤੇ ਇੱਕ ਗ੍ਰਾਮ ਪੰਚਾਇਤ ਜਾਂ ਗ੍ਰਾਮ ਸਭਾ ਹੁੰਦੀ ਹੈ, ਜੋ ਭਾਰਤ ਦੇ ਸਥਾਨਕ ਸਵੈ-ਸ਼ਾਸਨ ਦਾ ਇੱਕ ਪ੍ਰਮੁੱਖ ਹਿੱਸਾ ਹੈ। ਸਰਪੰਚ ਗ੍ਰਾਮ ਸਭਾ ਦਾ ਚੁਣਿਆ ਹੋਇਆ ਸਰਵਉੱਚ ਨੁਮਾਇੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਜੀਵਨ ਵਿੱਚ ਪੰਚਾਇਤ ਦਾ ਅਹਿਮ ਸਥਾਨ ਰਿਹਾ ਹੈ। ਜਨਤਕ ਜੀਵਨ ਦੇ ਹਰ ਪਹਿਲੂ ਨੂੰ ਇਸ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ। ਇਸ ਸਮੇਂ ਈ-ਪੰਚਾਇਤ ਦੇ ਵਿਰੋਧ 'ਚ ਹਰਿਆਣਾ ਰਾਜ ਭਰ ਦੀਆਂ ਗ੍ਰਾਮ ਪੰਚਾਇਤਾਂ 'ਚ ਗ੍ਰਾਮ ਸਕੱਤਰ ਧਰਨੇ ਲਗਾ ਰਹੇ ਹਨ ਅਤੇ ਬੀਡੀਪੀਓ ਦਫਤਰਾਂ ਨੂੰ ਤਾਲੇ ਲਗਾਏ ਜਾ ਰਹੇ ਹਨ, ਸਰਕਾਰ ਗ੍ਰਾਮ ਪੰਚਾਇਤਾਂ 'ਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਹਰਿਆਣਾ ਦੇ ਸਰਪੰਚਾਂ ਦਾ ਕਹਿਣਾ ਹੈ ਕਿ ਗ੍ਰਾਮ ਪੰਚਾਇਤ ਵਿੱਚ ਅਜਿਹੀ ਵਿਵਸਥਾ ਨਹੀਂ ਚੱਲੇਗੀ। ਅਜਿਹੀ ਸਥਿਤੀ ਵਿੱਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ।

ਭਾਰਤੀ ਸੰਵਿਧਾਨ ਵਿੱਚ 73ਵੀਂ ਸੰਵਿਧਾਨਕ ਸੋਧ ਰਾਹੀਂ ਪੰਚਾਇਤੀ ਰਾਜ ਪ੍ਰਣਾਲੀ ਰਾਹੀਂ ਪੇਂਡੂ ਖੇਤਰਾਂ ਦੇ ਵਿਕਾਸ ਲਈ ਸਥਾਨਕ ਲੋਕਾਂ ਦੀ ਭਾਗੀਦਾਰੀ ਦਾ ਉਪਬੰਧ ਕੀਤਾ ਗਿਆ ਹੈ। 73ਵੇਂ ਅਤੇ 74ਵੇਂ ਸੰਵਿਧਾਨਕ ਸੋਧ ਐਕਟਾਂ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ, ਰਾਜ ਸਰਕਾਰਾਂ, ਸਥਾਨਕ ਨੌਕਰਸ਼ਾਹਾਂ ਰਾਹੀਂ, ਪੰਚਾਇਤਾਂ ਉੱਤੇ ਕਾਫ਼ੀ ਅਖਤਿਆਰੀ ਸ਼ਕਤੀ ਅਤੇ ਪ੍ਰਭਾਵ ਦੀ ਵਰਤੋਂ ਕਰਨਾ ਜਾਰੀ ਰੱਖਦੀਆਂ ਹਨ। ਭਾਰਤ ਵਿੱਚ, ਸਥਾਨਕ ਚੁਣੇ ਹੋਏ ਅਧਿਕਾਰੀਆਂ (ਜਿਵੇਂ ਕਿ ਤੇਲੰਗਾਨਾ ਵਿੱਚ ਸਰਪੰਚ) ਦੀਆਂ ਸ਼ਕਤੀਆਂ ਰਾਜ ਸਰਕਾਰਾਂ ਅਤੇ ਸਥਾਨਕ ਨੌਕਰਸ਼ਾਹਾਂ ਦੁਆਰਾ ਬਹੁਤ ਸਾਰੇ ਤਰੀਕਿਆਂ ਨਾਲ ਬੁਰੀ ਤਰ੍ਹਾਂ ਸੀਮਤ ਹਨ, ਜੋ ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀਆਂ ਨੂੰ ਸ਼ਕਤੀਕਰਨ ਲਈ ਸੰਵਿਧਾਨਕ ਸੋਧਾਂ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ।

ਗ੍ਰਾਮ ਪੰਚਾਇਤਾਂ ਆਰਥਿਕ ਤੌਰ 'ਤੇ ਰੋਜ਼ਾਨਾ ਦੇ ਕੰਮਾਂ ਲਈ ਰਾਜ ਅਤੇ ਕੇਂਦਰ ਦੀਆਂ ਗ੍ਰਾਂਟਾਂ (ਅਖਤਿਆਰੀ ਅਤੇ ਗੈਰ-ਅਖਤਿਆਰੀ ਗ੍ਰਾਂਟਾਂ) 'ਤੇ ਨਿਰਭਰ ਹਨ। ਮੋਟੇ ਤੌਰ 'ਤੇ, ਪੰਚਾਇਤਾਂ ਕੋਲ ਫੰਡਿੰਗ ਦੇ ਤਿੰਨ ਮੁੱਖ ਸਰੋਤ ਹੁੰਦੇ ਹਨ - ਉਨ੍ਹਾਂ ਦੇ ਆਪਣੇ ਮਾਲੀਏ ਦੇ ਸਰੋਤ (ਸਥਾਨਕ ਟੈਕਸ, ਸਾਂਝੇ ਸੰਪਤੀ ਸਰੋਤਾਂ ਤੋਂ



ਮਾਲੀਆ, ਆਦਿ), ਕੇਂਦਰ ਅਤੇ ਰਾਜ ਸਰਕਾਰਾਂ ਤੋਂ ਸਹਾਇਤਾ ਪ੍ਰਾਪਤ ਸਹਾਇਤਾ, ਅਤੇ ਅਖਤਿਆਰੀ ਜਾਂ ਯੋਜਨਾ-ਅਧਾਰਤ ਫੰਡ। ਇਸਦੇ ਆਪਣੇ ਮਾਲੀਏ ਦੇ ਸਰੋਤ (ਟੈਕਸ ਅਤੇ ਗੈਰ-ਟੈਕਸ ਦੋਵੇਂ) ਕੁੱਲ ਪੰਚਾਇਤ ਫੰਡਾਂ ਦਾ ਇੱਕ ਛੋਟਾ ਜਿਹਾ ਹਿੱਸਾ ਬਣਾਉਂਦੇ ਹਨ। ਪੰਚਾਇਤਾਂ ਲਈ ਅਖਤਿਆਰੀ ਗ੍ਰਾਂਟਾਂ ਤੱਕ ਪਹੁੰਚ ਸਿਆਸੀ ਅਤੇ ਨੌਕਰਸ਼ਾਹੀ ਸਬੰਧਾਂ 'ਤੇ ਨਿਰਭਰ ਕਰਦੀ ਹੈ।

ਪੰਚਾਇਤੀ ਖਾਤਿਆਂ ਵਿੱਚ ਮਨਜ਼ੂਰ ਫੰਡ ਟਰਾਂਸਫਰ ਕਰਨ ਵਿੱਚ ਬੇਲੋੜੀ ਦੇਰੀ ਸਥਾਨਕ ਵਿਕਾਸ ਨੂੰ ਰੋਕਦੀ ਹੈ। ਉਨ੍ਹਾਂ ਨੂੰ ਅਲਾਟ ਕੀਤੇ ਫੰਡਾਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸ 'ਤੇ ਵੀ ਸਖ਼ਤ ਪਾਬੰਦੀਆਂ ਹਨ। ਰਾਜ ਸਰਕਾਰਾਂ ਅਕਸਰ ਪੰਚਾਇਤ ਫੰਡਾਂ ਰਾਹੀਂ ਵੱਖ-ਵੱਖ ਖਰਚਿਆਂ 'ਤੇ ਖਰਚ ਸੀਮਾਵਾਂ ਲਗਾ ਦਿੰਦੀਆਂ ਹਨ। ਹਾਲ ਹੀ ਦੀ ਤਰ੍ਹਾਂ ਹਰਿਆਣਾ ਸਰਕਾਰ ਗ੍ਰਾਮ ਪੰਚਾਇਤਾਂ ਵਿੱਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਇਸ ਤਰ੍ਹਾਂ ਦਾ ਸਿਸਟਮ ਗ੍ਰਾਮ ਪੰਚਾਇਤ ਵਿੱਚ ਕੰਮ ਨਹੀਂ ਕਰੇਗਾ। ਅਜਿਹੀ ਸਥਿਤੀ ਵਿੱਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ। ਪੰਚਾਇਤ ਫੰਡ ਖਰਚ ਕਰਨ ਲਈ ਦੋਹਰੇ ਅਧਿਕਾਰ ਪ੍ਰਦਾਨ ਕਰਦੀ ਹੈ। ਸਰਪੰਚਾਂ ਦੇ ਨਾਲ ਵੀ ਅਦਾਇਗੀਆਂ ਲਈ ਅਫਸਰਸ਼ਾਹੀ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਪੰਚਾਇਤ ਫੰਡ ਵਿੱਚੋਂ ਭੁਗਤਾਨ ਲਈ ਜਾਰੀ ਕੀਤੇ ਗਏ ਚੈੱਕ 'ਤੇ ਸਰਪੰਚ ਅਤੇ ਪੰਚਾਇਤ ਸਕੱਤਰ ਨੂੰ ਸਹਿ-ਹਸਤਾਖਰ ਕਰਨੇ ਚਾਹੀਦੇ ਹਨ।

ਰਾਜ ਸਰਕਾਰਾਂ ਸਥਾਨਕ ਸਰਕਾਰਾਂ ਨੂੰ ਸਥਾਨਕ ਨੌਕਰਸ਼ਾਹੀ ਰਾਹੀਂ ਬੰਨ੍ਹਦੀਆਂ ਹਨ। ਉਦਾਹਰਨ ਲਈ, ਪਬਲਿਕ ਵਰਕਸ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਅਕਸਰ ਪੇਂਡੂ ਵਿਕਾਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਤੋਂ ਤਕਨੀਕੀ ਪ੍ਰਵਾਨਗੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ, ਸਰਪੰਚਾਂ ਲਈ ਇੱਕ ਮੁਸ਼ਕਲ ਪ੍ਰਕਿਰਿਆ ਹੈ ਜਿਸ ਲਈ ਸਰਕਾਰੀ ਦਫ਼ਤਰਾਂ ਵਿੱਚ ਵਾਰ-ਵਾਰ ਜਾਣਾ ਪੈਂਦਾ ਹੈ। ਸਰਪੰਚਾਂ ਦੀ ਸਥਾਨਕ ਸਟਾਫ਼ ਉੱਤੇ ਪ੍ਰਬੰਧਕੀ ਨਿਯੰਤਰਣ ਵਰਤਣ ਦੀ ਸਮਰੱਥਾ ਸੀਮਤ ਹੈ। ਬਹੁਤ ਸਾਰੇ ਰਾਜਾਂ ਵਿੱਚ, ਪੰਚਾਇਤ ਨੂੰ ਰਿਪੋਰਟ ਕਰਨ ਵਾਲੇ ਸਥਾਨਕ ਕਾਰ-ਜਕਰਤਾ, ਜਿਵੇਂ ਕਿ ਪਿੰਡ ਦੇ ਚੌਕੀਦਾਰ ਜਾਂ ਸਫਾਈ ਕਰਮਚਾਰੀ, ਨੂੰ ਜ਼ਿਲ੍ਹਾ ਜਾਂ ਬਲਾਕ ਪੱਧਰ 'ਤੇ ਭਰਤੀ ਕੀਤਾ ਜਾਂਦਾ ਹੈ। ਅਕਸਰ ਸਰਪੰਚ ਕੋਲ ਇਨ੍ਹਾਂ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਤਾਕਤ ਵੀ ਨਹੀਂ ਹੁੰਦੀ। ਦੂਜੇ ਪੱਧਰਾਂ 'ਤੇ ਚੁਣੇ ਹੋਏ ਅਧਿਕਾਰੀਆਂ ਦੇ ਉਲਟ, ਸਰਪੰਚਾਂ ਨੂੰ ਅਹੁਦੇ 'ਤੇ ਰਹਿੰਦੇ ਹੋਏ ਬਰਖਾਸਤ ਕੀਤਾ ਜਾ ਸਕਦਾ ਹੈ। ਕਈ ਰਾਜਾਂ ਵਿੱਚ ਗ੍ਰਾਮ ਪੰਚਾਇਤ ਐਕਟਾਂ ਨੇ ਜ਼ਿਲ੍ਹਾ ਪੱਧਰੀ ਨੌਕਰਸ਼ਾਹਾਂ, ਜ਼ਿਆਦਾਤਰ ਜ਼ਿਲ੍ਹਾ ਕੁਲੈਕਟਰਾਂ ਨੂੰ ਅਧਿਕਾਰਤ ਦੁਰਵਿਹਾਰ ਲਈ ਸਰਪੰਚਾਂ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਹੈ। ਦੇਸ਼ ਭਰ ਵਿੱਚ, ਨੌਕਰਸ਼ਾਹਾਂ ਵੱਲੋਂ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕਰਨ ਦੇ ਫੈਸਲੇ ਲੈਣ ਦੀਆਂ ਬਾਕਾਇਦਾ ਉਦਾਹਰਣਾਂ ਹਨ। ਹਾਲ ਹੀ ਦੇ ਸਾਲਾਂ ਵਿੱਚ ਹੋਰ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕੀਤਾ ਗਿਆ ਹੈ।




# ਬਰੁੱਕਫੀਲਡ ਇੰਟਰਨੈਸ਼ਨਲ ਸਕੂਲ ’ਚ ਜਾਦੂਗਰ ਨੇ ਵਿਖਾਏ ਆਪਣੀ ਕਲਾ ਦੇ ਜੌਹਰ

## * ਵਿਦਿਆਰਥੀਆਂ ਨੇ ਸਮਝਾਇਆ ਜਾਦੂ ਸਾਇੰਸ ਦਾ ਹੀ ਇਕ ਹਿੱਸਾ

ਕੁਰਾਲੀ, 24 ਅਪ੍ਰੈਲ (ਪੋਸਟ ਬਿਊਰੋ): ਬਰੁੱਕਫੀਲਡ ਇੰਟਰਨੈਸ਼ਨਲ ਸਕੂਲ, ਨਿਊ ਚੰਡੀਗੜ੍ਹ ਦੇ ਵਿਦਿਆਰਥੀਆਂ ਨੂੰ ਜਾਦੂ ਨੂੰ ਇਕ ਸਾਇੰਸ ਵਜੋਂ ਸਮਝਾਉਣ ਦੇ ਮੰਤਵ ਨਾਲ ਇਕ ਜਾਦੂ ਦੇ ਸ਼ੋ ਦਾ ਆਯੋਜਨ ਕੀਤਾ ਗਿਆ, ਜਿਸ ਦਾ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਭਰਪੂਰ ਮਜ਼ਾ ਲਿਆ । ਸਾਰੇ ਵਿਦਿਆਰਥੀ ਉਸ ਸਮੇਂ ਹੈਰਾਨ ਰਹਿ ਗਏ ਜਦ ਜਾਦੂਗਰ ਨੇ ਖਾਲੀ ਕਪੜੇ ਵਿਚੋਂ ਕਬੂਤਰ ਕੱਢਿਆਂ ਅਤੇ ਵਿਦਿਆਰਥੀਆਂ ਦੇ ਕੰਨਾਂ ਚੋਂ ਪਾਣੀ ਦੀ ਫੁਹਾਰਾਂ ਕੱਢ ਕੇ ਜਾਂ ਕਾਗ਼ਜ਼ਾਂ ਦਾ ਗੁੱਛਾ ਇਕ ਗੁਲਦਸਤੇ ‘ਚ ਬਦਲ ਦਿਤਾ । ਇਸ ਦੇ ਨਾਲ ਹੀ ਜਾਦੂਗਰ ਨੇ ਖਾਲੀ ਹੱਥ ਵਿਚ ਰਾਖ ਕੱਢ ਕੇ ਵਿਦਿਆਰਥੀਆਂ ਨੂੰ ਦੰਦਾ ਤਲੇ ਉਂਗਲਾਂ ਦਬਾਉਣ ਲਈ ਮਜਬੂਰ ਕਰ ਦਿਤਾ। ਪਰ ਇਸ ਦੇ ਨਾਲ ਇਹ ਗੱਲ ਮਜ਼ੇਦਾਰ ਰਹੀ ਕਿ ਜਾਦੂਗਰ ਨੇ ਇਨ੍ਹਾਂ ਸਾਰੇ ਕਾਰਨਾਮਿਆਂ ਨੂੰ ਕਰਨ ਦੇ ਤਰੀਕਿਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਉਂਦੇ ਹੋਏ ਇਨ੍ਹਾਂ ਕਲਾਵਾਂ ਨੂੰ ਸਾਇੰਸ ਦਾ ਇਕ ਹਿੱਸਾ ਦੱਸਿਆਂ ।

ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਮਾਨਵ ਸਿੰਗਲਾ ਨੇ ਦੱਸਿਆ ਕਿ ਇਸ ਜਾਦੂ ਦੇ ਪ੍ਰੋਗਰਾਮ ਦਾ ਆਯੋਜਨ ਨਾ ਸਿਰਫ਼ ਵਿਦਿਆਰਥੀਆਂ ਨੂੰ ਰੋਜ਼ਾਨਾ ਦੀ ਪੜਾਈ ਦੇ ਦਬਾਅ ਤੋਂ ਕੱਢਣਾ ਸੀ ਬਲਕਿ ਵਿਦਿਆਰਥੀਆਂ ਨੂੰ ਇਹ ਸਮਝਾਉਣਾ ਸੀ ਕਿ ਜਾਦੂ ਅਸਲ ‘ਚ ਸਾਇੰਸ ਦਾ ਹੀ ਇਕ ਹਿੱਸਾ ਹੁੰਦੇ ਹਨ ਅਤੇ ਕੁੱਝ ਲੋਕ ਇਨ੍ਹਾਂ ਤਰੀਕਿਆਂ ਦਾ ਫ਼ਾਇਦਾ ਉਠਾ ਕੇ ਮਾਸੂਮ ਲੋਕਾਂ ਨੂੰ ਗੁਮਰਾਹ ਕਰਦੇ ਹਨ , ਜਦ ਕਿ ਇਹ ਵਿਦਿਆਰਥੀ ਵਾਪਸ ਆਪਣੇ ਘਰਾਂ ‘ਚ ਜਾ ਕੇ ਆਪਣੇ ਆਸ ਪਾਸ ਇਸ ਤਰਾਂ ਦੇ ਢੌਂਗਾਂ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰ ਸਕਦੇ ਹਨ ।

ਇਸ ਮੌਕੇ ਤੇ ਜਾਦੂਗਰ ਵੱਲੋਂ ਕਈ ਕੈਮੀਕਲਾਂ ਦੀ ਸਹਾਇਤਾ ਨਾਲ ਕਈ ਹੈਰਤਆਗੇਜ਼ ਚੀਜ਼ਾਂ ਨਾਲ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਜਾਦੂਗਰ ਵੱਲੋਂ ਸਮੋਹਿਤ ਕਰਨ ਦੀ ਕਲਾ ਨੂੰ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਦੇਖਿਆ ਅਤੇ ਉਸ ਦੀ ਇਸ ਪੇਸ਼ਕਸ਼ ਨੂੰ ਵਿਦਿਆਰਥੀਆਂ ਨੇ ਤਾੜੀਆਂ ਨਾਲ ਸਵਾਗਤ ਕੀਤਾ ।





ਬਰੁੱਕਫੀਲਡ ਇੰਟਰਨੈਸ਼ਨਲ ਸਕੂਲ ਵਿਚ ਕਰਵਾਏ ਗਏ ਜਾਦੂ ਦੇ ਸ਼ੋਅ ਦਾ ਆਨੰਦ ਲੈਂਦੇ ਵਿਦਿਆਰਥੀ।




## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।










## ਲੜਕੀ ਦੀ ਲੋੜ

